You can send your Sipiritual Articles, Poems, Bhakti Geet & Spiritual Thoughts for
www.gurdeepsingh.jimdo.com at gs.sehaj@gmail.com
Also Visit : www.gyansclasses.jimdo.com www.mayadentalclinic.jimdo.com & www.niwasbuilders.com

# ਮਨ ਦੀ ਸਹੀ ਦਿਸ਼ਾ

**(Ram Kumar Sewak, Delhi, India, rksewak@yahoo.co.in )**

ਪੁਰਾਣੀ ਕਹਾਵਤ ਹੈ ਕਿ *ਹਾਰੀਏ ਨਾ ਹਿੰਮਤ, ਬਿਸਾਰੀਏ ਨਾ ਰਾਮ।* ਜਦੋਂ ਵੀ ਇਹ ਕਹਾਵਤ ਯਾਦ ਆਉਦੀ ਹੈ ਤਾਂ ਮਨ ਦੀ ਇੱਛਾ ਸ਼ਕਤੀ ਤੇ ਸੰਕਲਪ ਸ਼ਕਤੀ ਵੱਧ ਜਾਂਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਅਸੀਂ ਉਹ ਕੰਮ ਕਰਨ ਵਿੱਚ ਵੀ ਯੋਗ ਹੋ ਜਾਂਦੇ ਹਾਂ, ਆਮ ਤੌਰ ਤੇ ਜਿਸ ਕੰਮ ਨੂੰ ਕਰਨ ਦੀ ਸਾਡੀ ਸਮਰੱਥਾ ਨਹੀ ਹੁੰਦੀ। ਇਸ ਦਾ ਕਾਰਨ ਚਾਹੇ ਜੋ ਵੀ ਹੋਵੇ, ਪਰ ਇਹ ਸਹੀ ਹੈ ਕਿ ਜਦੋ ਸਾਡੀ ਸੰਕਲਪ ਸ਼ਕਤੀ ਵੱਧ ਜਾਂਦੀ ਹੈ ਤਾਂ ਸਾਡੀ ਕੰਮ ਕਰਨ ਦੀ ਤਾਕਤ ਵੀ ਵੱਧ ਜਾਂਦੀ ਹੈ। ਇਸ ਦੇ ਉਲਟ ਜੇਕਰ ਸਾਡੀ ਸੰਕਲਪ ਸ਼ਕਤੀ ਕੰਮਜ਼ੋਰ ਹੈ ਤਾਂ ਵਿਅਕਤੀ ਉਨ੍ਹਾਂ ਕੰਮ ਨਹੀ ਕਰ ਸਕਦਾ, ਜਿੰਨ੍ਹਾਂ ਕਰਨ ਦੀ ਆਮ ਤੌਰ ਤੇ ਉਸ ਵਿੱਚ ਤਾਕਤ ਹੁੰਦੀ ਹੈ। ਵਿਗਿਆਨ ਵੀ ਇਸ ਗੱਲ ਦਾ ਸਮਰਥਨ ਕਰਦਾ ਹੈ । ਕੋਈ ਸੰਕਲਪ ਲੈਣ ਤੇ ਦਿਮਾਗ ਵਿੱਚ ਵਿਰਾਜਮਾਨ ਨਿਊਰਾਂਸ ਜਿਆਦਾ ਗਤੀਸ਼ੀਲ ਹੋ ਜਾਂਦੇ ਹਨ ਤੇ ਜਦਕਿ ਇੱਕ ਨਿਊਰਾਂਸ ਦੱਸ ਹੋਰ ਨਿਊਰਾਂਸ ਨੂੰ ਇਸੀ ਕ੍ਰਮ ਵਿੱਚ ਹਜਾਰਾਂ- ਲੱਖਾਂ ਨਿਊਰਾਂਸ ਇੱਕ ਹੀ ਸੰਕਲਪ ਦੀ ਪ੍ਰਤਿੱਗਿਆਂ ਕਰਨ ਲੱਗ ਜਾਂਦੇ ਹਨ ਤੇ ਇਨਸਾਨ ਔਖੇ ਤੇ ਨਾ ਹੋਣ ਵਾਲੇ ਕੰਮ ਨੂੰ ਕਰਨ ਵਿੱਚ ਯੋਗ ਹੋ ਜਾਂਦਾ ਹੈ।

ਮਾਨਵ ਜੀਵਨ ਵਿੱਚ ਸੰਕਲਪ ਸ਼ਕਤੀ ਭਾਵ ਇੱਛਾ ਸ਼ਕਤੀ ਦੀ ਮੱਹਤਵਪੂਰਨ ਭੂਮਿਕਾ ਹੈ। ਜਿਸ ਇਨਸਾਨ ਦੀ ਇੱਛਾ ਸ਼ਕਤੀ ਕੰਮਜ਼ੋਰ ਹੈ, ਉਹ ਛੋਟੀ ਜਿਹੀ ਮੁਸ਼ਕਿਲ ਦਾ ਵੀ ਸਾਹਮਣਾ ਨਹੀ ਕਰ ਸਕਦਾ ਤੇ ਜਲਦੀ ਹੀ ਆਪੇ ਤੋ ਬਾਹਰ ਹੋ ਜਾਂਦਾ ਹੈ ,ਇਸ ਦੇ ਉਲਟ ਜਿਸ ਦੀ ਇੱਛਾ ਸ਼ਕਤੀ ਦ੍ਰਿੜ ਹੁੰਦੀ ਹੈ ਉਹ ਵੱਡੀ ਤੋ ਵੱਡੀ ਸਮੱਸਿਆਂ ਦੇਖ ਕੇ ਵੀ ਹਾਰ ਨਹੀ ਮੰਨਦਾ ਤੇ ਮੁਸ਼ਕਿਲ ਤੋ ਮੁਸ਼ਿਕਲ ਹਾਲਾਤ ਨੂੰ ਵੀ ਆਪਣੀ ਸੋਚ ਦੇ ਅਨੁਸਾਰ ਮੋੜ ਦੇਣ ਵਿੱਚ ਵੀ ਸਫਲ ਹੋ ਜਾਂਦਾ ਹੈ। ਇਤਿਹਾਸਿਕ ਤੱਥ ਵੀ ਇਸ ਗੱਲ ਨੂੰ ਪ੍ਰਮਾਣਿਤ ਕਰਦੇ ਹਨ । ਪੁਰਾਣੇ ਸਮੇ ਵਿੱਚ ਸੈਨਾਵਾਂ ਜਦੋ ਦੁਸ਼ਮਣਾਂ ਦੇ ਨਾਲ ਲੜ੍ਹਨ ਜਾਂਦੀਆਂ ਸਨ ਤਾਂ ਵੀਰ ਰਸ ਦੀਆਂ ਕਵਿਤਾਵਾਂ ਸੁਣ ਕੇ ਸੈਨਿਕ ਜਿਆਦਾ ਬਹਾਦਰੀ ਦਾ ਸਾਬੂਤ ਦਿੰਦੇ ਸਨ ਤੇ ਅਸਧਾਰਨ ਉਪਲਬਧੀ ਹਾਸਿਲ ਕਰ ਕੇ ਦਿਖਾਉਦੇ ਸਨ ਵੀਰ ਰਸ ਕਵਿਤਾ ਸੁਣ ਕੇ ਉਨ੍ਹਾਂ ਦੀ ਇੱਛਾਂ ਸ਼ਕਤੀ ਪ੍ਰਬਲ ਹੋ ਜਾਂਦੀ ਹੋ ਜਾਂਦੀ ਸੀ ਤੇ ਆਪਣੇ ਸੰਕਲਪ ਦੇ ਪ੍ਰਤੀ ਜਿਆਦਾ ਸਮਰਪਿਤ ਹੋਣ ਦੇ ਕਾਰਨ ਉਹ ਆਸ਼ਾ ਤੋ ਵੀ ਜਿਆਦਾ ਕੰਮ ਕਰ ਕੇ ਦਿਖਾਉਦੇ ਸਨ। ਮਨ ਦੀ ਸੰਕਲਪ ਸ਼ਕਤੀ ਸਥੂਲ ਨਹੀ ਬਲਕਿ ਸੁਖਸ਼ਮ ਹੈ, ਪਰ ਇਸ ਦਾ ਪ੍ਰਭਾਵ ਸਥੂਲ ਰੂਪ ਵਿੱਚ ਵੀ ਭਲੀ -ਭਾਂਤੀ ਮਹਿਸੂਸ ਹੁੰਦਾ ਹੈ । ਸਕਾਰਾਤਮਕ ਪ੍ਰੇਰਨਾ ਦੇ ਫਲਸਰੂਪ ਜਦੋ ਸੰਕਲਪ ਸ਼ਕਤੀ ਬਲਵੰਤੀ ਹੁੰਦੀ ਹੈ ਤਾਂ ਇਨਸਾਨ ਕੁਝ ਜਿਆਦਾ ਸਾਰਥਕ ਕਰਨ ਦੀ ਸਥਿਤੀ ਵਿੱਚ ਆ ਜਾਂਦਾ ਹੈ।

ਇੱਛਾ ਸ਼ਕਤੀ ਇੱਕ ਨਿਰਪੱਖ ਸ਼ਕਤੀ ਹੈ, ਇਹ ਚੰਗੇ ਕੰਮ ਵਾਸਤੇ ਵੀ ਹੋ ਸਕਦੀ ਹੈ ਤੇ ਬੁਰੇ ਕੰਮ ਲਈ ਵੀ । ਇੱਛਾ ਸ਼ਕਤੀ ਨੂੰ ਇਸ ਦੇ ਨਾਲ ਕੋਈ ਫਰਕ ਨਹੀ ਪੈਦਾ ਕਿ ਉਸ ਦਾ ਪਰਿਣਾਮ ਕੀ ਹੋਵੇਗਾ ? ਉਹ ਚੰਗੇ ਕੰਮ ਲਈ ਵੀ ਪ੍ਰੇਰਕ ਹੋ ਸਕਦੀ ਹੈ ਤੇ ਬੁਰੇ ਕੰਮ ਲਈ ਵੀ। ਮਨ ਦੀ ਇੱਛਾ ਸ਼ਕਤੀ ਨੂੰ ਸਹੀ ਦਿਸ਼ਾ ਮਿਲਣਾ ਬਹੁਤ ਜਰੂਰੀ ਹੈ ਤਾਂ ਹੀ ਇਨਸਾਨ ਕੋਈ ਅਰਥਪੂਰਣ ਕੰਮ ਕਰ ਸਕਦਾ ਹੈ । ਅਸਲ ਵਿੱਚ ਮਨ ਤੇ ਵਿਵੇਕ ਦੀ ਲਗਾਮ ਜਰੂਰ ਹੋਣੀ ਚਾਹੀਦੀ ਹੈ ਕਿਉਕਿ ਇਸ ਲਗਾਮ ਦਾ ਮਨ ਤੇ ਨਾ ਲੱਗੇ ਹੋਣ ਕਰਕੇ ਮਨ ਮਤੀਹੀਨ, ਦਿਸ਼ਾਹੀਣ ਤੇ ਨਿਯੰਤਰਨ ਤੋ ਬਾਹਰ ਹੋ ਜਾਦਾ ਹੈ, ਇਸ ਸਥਿਤੀ ਵਿੱਚ ਮਨ ਦੀ ਸੰਕਲਪ ਸ਼ਕਤੀ ਕੁਝ ਜਿਆਦਾ ਹੀ ਦ੍ਰਿੜ ਹੋ ਜਾਂਦੀ ਹੈ ਤੇ ਇਹ ਇੱਕ ਅਭਿਸ਼ਾਪ ਸਿੱਧ ਹੁੰਦੀ ਹੈ। ਵਰਤਮਾਨ ਸਥਿਤੀ ਇਸ ਗੱਲ ਦਾ ਪ੍ਰਮਾਣ ਹਨ ਕਿ ਇਨਸਾਨ ਦਾ ਵਿਨਾਸ਼ ਜਿੰਨ੍ਹਾਂ ਇਨਸਾਨ ਨੇ ਕੀਤਾ ਹੈ ਸ਼ਾਇਦ ਉਨ੍ਹਾਂ ਕਿਸੇ ਜੀਵ ਜੰਤੂ ਜਾ ਕੁਦਰਤ ਨੇ ਵੀ ਨਹੀ ਕੀਤਾ ਹੋਣਾ। ਵਿਵੇਕ ਤੇ ਲਗਾਮ ਨਾ ਹੋਣ ਕਾਰਨ

You can send your Sipiritual Articles, Poems, Bhakti Geet & Spiritual Thoughts for
www.gurdeepsingh.jimdo.com at gs.sehaj@gmail.com
Also Visit : www.gyansclasses.jimdo.com www.mayadentalclinic.jimdo.com & www.niwasbuilders.com

ਇਨਸਾਨ ਮਨਮਾਨੀ ਤੇ ਉਤਰ ਆਉਂਦਾ ਹੈ ਤੇ ਮਨ ਦਾ ਗੁਲਾਮ ਹੋ ਕੇ ਦਿਸ਼ਾਹੀਣ ਜੀਵਨ ਜਿਉਦਾ ਹੈ ਇਹ ਹੀ ਮਾਨਵ ਦੇ ਪਤਨ ਦੀ ਨਿਸ਼ਾਨੀ ਹੁੰਦੀ ਹੈ। ਪਰਮਪਿਤਾ ਪਰਮਾਤਮਾ ਨੇ ਇਨਸਾਨ ਦਾ ਨਿਰਮਾਣ ਆਪਣੇ ਹੀ ਸਵਰੂਪ ਦੇ ਆਧਾਰ ਤੇ ਕੀਤਾ ਸੀ ਤੇ ਉਸ ਨੂੰ ਅਜਿਹੀਆਂ- ਅਜਿਹੀਆਂ ਭੌਤਿਕ ਯੋਗਤਾਵਾਂ ਦੇ ਨਾਲ ਯੁਕਤ ਕੀਤਾ ਹੈ ਕਿ ਉਹ ਕੁਝ ਵੀ ਕਰ ਸਕਦਾ ਹੈ ਤੇ ਨਰਕ ਨੂੰ ਸਵਰਗ ਵਿੱਚ ਬਦਲ ਸਕਦਾ ਹੈ। ਦੋਨੋ ਹੀ ਯੋਗਤਾਵਾਂ ਹੋਣ ਦੇ ਕਾਰਨ ਸਕਾਰਤਮਕ ਤੇ ਨਕਾਰਤਮਕ ਦੋਨੋ ਹੀ ਸ਼ਕਤੀਆਂ ਵਿੱਚ ਸੰਘਰਸ਼ ਅੱਜ ਸਾਡੇ ਸਭ ਦੇ ਸਾਹਮਣੇ ਹੈ। ਉਂਝ ਤਾਂ ਇਹ ਸੰਘਰਸ਼ ਮਾਨਵ ਸਮਾਜ ਵਿੱਚ ਸਦੀਆਂ ਤੋ ਰਿਹਾ ਹੈ ਤੇ ਸਭ ਤੋਂ ਆਜੀਬ ਤੱਥ ਇਹ ਹੈ ਕਿ ਨਕਾਰਤਮਕ ਸ਼ਕਤੀਆਂ ਹਮੇਸ਼ਾਂ ਅੱਗੇ ਨਿਕਲ ਗਈਆਂ ਜਦ ਕਿ ਸਕਾਰਤਮਕ ਸ਼ਕਤੀਆਂ ਬਹੁਤ ਪਿੱਛੇ ਰਹਿ ਗਈਆ ਹਨ। ਅੱਜ ਜੋ ਸਭ ਤੋ ਵੱਡੀ ਜਰੂਰਤ ਮਹਿਸੂਸ ਹੋ ਰਹੀ ਹੈ ਉਹ ਹੈ ਇਨਸਾਨ ਦੀ ਇੱਛਾ ਸ਼ਕਤੀ ਨੂੰ ਸਹੀ ਦਿਸ਼ਾ ਦੇਣ ਦੀ ਹੈ। ਜਰੂਰਤ ਮਨ ਤੇ ਵਿਵੇਕ ਦੀ ਲਗਾਮ ਲਗਾਉਣ ਦੀ ਹੈ। ਇਹ ਤਦ ਹੀ ਹੋ ਸਕਦਾ ਹੈ ਜਦੋ ਅਸੀਂ ਪਰਮਾਤਮਾ ਨੂੰ ਨਾ ਭੁਲੀਏ। ਅਜਿਹਾ ਕਹਿਣਾ ਜਰੂਰੀ ਨਹੀ ਕਿ ਅਸੀ ਪਰਮਾਤਮਾ ਨੂੰ ਰਾਮ ਹੀ ਕਹੀਏ ਬਲਕਿ ਇਸ ਪਰਮਸੱਤਾ ਨੂੰ ਅਸੀ ਆਪਣੀ ਇੱਛਾ ਸ਼ਕਤੀ ਦੇ ਅਨੁਸਾਰ ਰਾਮ, ਅੱਲਾ, ਗਾਡ, ਕ੍ਰਿਸ਼ਨ, ਈਸ਼ਵਰ ਜਾਂ ਨਿੰਰਕਾਰ ਭਾਵੇ ਕਿਸੇ ਵੀ ਨਾਂ ਦੇ ਨਾਲ ਸੰਬੋਧਿਤ ਕਰੀਏ ਪਰ ਇਸ ਵਿਰਾਟ ਦਾ ਸੰਗ ਜਰੂਰ ਕਰੀਏ। ਇਸ ਵਿਰਾਟ ਦਾ ਸੰਗ ਹੀ ਸਤਿਸੰਗ ਹੈ। ਇਹ ਸਤਿਸੰਗ ਨਿਰੰਤਰ ਹੁੰਦਾ ਰਹੇਗਾ ਤਾਂ ਮਨ ਦੀ ਸੰਕਲਪ ਸ਼ਕਤੀ ਨੂੰ ਸਹੀ ਦਿਸ਼ਾ ਮਿਲਦੀ ਰਹੇਗੀ ਤੇ ਮਨ ਦੀ ਇੱਛਾ ਸ਼ਕਤੀ ਤੇ ਵਿਵੇਕ ਦੀ ਲਗਾਮ ਵੀ ਲੱਗੀ ਰਹੇਗੀ।

ਜਦੋ ਸੰਸਾਰ ਵਿੱਚ ਅਜਿਹੀ ਸਥਿਤੀ ਆ ਜਾਵੇਗੀ ਤਾਂ ਜਦੋ ਸਾਰਿਆਂ ਹੀ ਇਨਸਾਨਾਂ ਦਾ ਆਪਣੇ ਮਨ ਤੇ ਕੰਟਰੋਲ ਹੋਵੇਗਾ ਤੇ ਮਨ ਵਿਵੇਕਭਰਪੂਰ ਨਿਰਣੇ ਲੈਣ ਵਿੱਚ ਸਮੱਰਥ ਹੋਵੇਗਾ ਤਾਂ ਉਸ ਸਮੇ ਅਸੀ ਕਹਿ ਸਕਦੇ ਹਾਂ ਕਿ ਇਹ ਦੁਨੀਆਂ ਇਨਸਾਨਾਂ ਦੀ ਆਪਣੀ ਦੁਨੀਆਂ ਹੋਵੇਗੀ ਕਿਉਕਿ ਜਿੱਥੇ ਮਾਨਵਤਾ ਆਲੋਪ ਹੋਵੇਗੀ ਉਹ ਰਾਖਸ਼ ਦੀ ਦੁਨੀਆਂ ਹੀ ਹੋ ਸਕਦੀ ਹੈ ਇਨਸਾਨਾਂ ਦੀ ਦੁਨੀਆਂ ਉਸ ਨੂੰ ਅਸੀ ਕਿਸ ਤਰ੍ਹਾਂ ਕਹਿ ਸਕਦੇ ਹਾਂ। ਇਸ ਲਈ ਜਰੂਰੀ ਹੈ ਕਿ ਇੱਛਾ ਸ਼ਕਤੀ ਤੇ ਵਿਵੇਕ ਸ਼ਕਤੀ ਦਾ ਕੰਟਰੋਲ ਹੋਵੇ।